# ਪਰਵਾਜ਼

ਕਰਨ ਮਹਿਰਾ



# ਸਮਰਪਿਤ

ਕੁੱਝ ਛੱਡ ਕੇ ਜਾ ਚੁੱਕੇ ਨੇ ਕਈਂ ਜਾਣ ਬਾਰੇ ਸੋਚ ਰਹੇ ਨੇ

ਕੁੱਝ ਹਰਫ ਨੇ ਓਹਨਾ ਲਈ ਜਿਹਨਾ ਦਾ ਜ਼ਿੰਦਗੀ ਚ

ਮੈਂ ਇੰਤਜ਼ਾਰ ਕਰ ਰਿਹਾਂ ਕੀ ਓਹ ਮੇਰੀ ਜ਼ਿੰਦਗੀ ਚ

ਮੁਕਮਲ ਤਰੀਕੇ ਨਾਲ ਆ ਜਾਣ ਚਾਹੇ ਮੇਰੇ ਤੋ ਕੋਹਾਂ ਦੂਰ ਨੇ ਓਹ

ਤੇਰੇ ਲਈ ਦੋ ਅੱਖਰ ਨਹੀਂ ਕਿਤਾਬ ਲਿਖੀ ਆ~






**1. ਤੇਰਾ ਨਾਮ**

**2 . ਮੇਰੀ ਮੌਤ**

**3. ਖਤ**

**4. ਤਵਾਇਫ਼ ਏ ਇਸ਼ਕ**

**5. ਡਰ**

**6. ਕੱਚਾ ਰਸਤਾ**

**7. ਚੁੱਪ**

**8. ਗ਼ਜ਼ਲਾਂ**

**9. ਰੋਂਦੀ ਅੱਖ**

**10. ਬੇਦਾਰੀ ਏ ਇਹਸਾਸ**

**11. ਮਾਂ**

**12. ਬਾਗ਼ ਦਾ ਮਾਲੀ**

**13. ਲੰਬੇ ਰਾਹ**

**14. ਸੱਚ**

**15. ਜਾਨ**

**16. ਇੱਕ ਅਰਜ਼**

**17. ਪਰਵਾਜ਼**

**18. ਜਿਸਮ ਫਰੋਸ਼ੀ** **19...~**

# 1. ਤੇਰਾ ਨਾਮ

ਲਿਖਤ ਉਲਝੀ ਹੋਈ ਆ ਸੀਨੇ ਚ
ਲਫਜ਼ ਰੁਕੇ ਹੋਏ ਨੇ ਬੁੱਲ੍ਹਾ ਚ
ਉੱਡਦੇ ਫਿਰਦੇ ਨੇ ਪਤੰਗਿਆਂ ਵਾਂਗ
ਲਫਜ਼ ਪੰਨਿਆ ਤੇ ਬੈਠ ਦੇ ਨਹੀਂ

ਕਦੋਂ ਦਾ ਬੈਠਾ ਆ ਜਾਨੇ ਦਿਲ
ਕੋਰੇ ਕਾਗਜ਼ ਤੇ ਤੇਰਾ ਨਾਮ ਲਿਖਕੇ
ਬੱਸ ਤੇਰਾ ਨਾਮ ਹੀ ਲਿਖਿਆ ਆ
ਏਹਤੋਂ ਵਧੀਆ ਦਸ ਕੀ ਗ਼ਜ਼ਲ ਹੋਵੇਗੀ~



# 2 . ਮੇਰੀ ਮੌਤ

ਤੂੰ ਮੇਰੀ ਆਖਰੀ ਮੋਹਬੱਤ ਏ
ਮੌਤ, ਮੇਰੀ ਮੌਤ ਮੇਰੀ ਆਖਰੀ ਮੋਹਬੱਤ ਏ

ਤੇਰੀ ਰਾਖੀ ਚ ਬੀਤੇ ਦਿਨ ਤੇ ਕਈਂ ਰਾਤਾਂ ਨੇ
ਤੇਰੇ ਲਈ ਤਾਹਨੇ ਸੁਣੇ ਇਹਨਾ ਜਾਤਾਂ ਦੇ
ਤੂੰ ਮੇਰੀ ਆਖਰੀ ਸ਼ਿੱਦਤ ਏ
ਤੂੰ ਮੇਰੀ ਆਖਰੀ ਮੋਹਬੱਤ ਏ

ਤੇਰੀਆ ਅੱਖਾਂ ਦੀ ਆਖਰੀ ਝਲਕ ਵੇਖ ਮੈਂ
ਮੇਰੀ ਜ਼ਿੰਦਗੀ ਤੈਨੂੰ ਦਵਾ ਤੇ ਨਾਲੇ ਲੇਖ ਮੈਂ
ਤੂੰ ਮੇਰੀ ਆਖਰੀ ਇਬਾਦਤ ਏ
ਤੂੰ ਮੇਰੀ ਆਖਰੀ ਮੋਹਬੱਤ ਏ

ਫੁੱਲਾਂ ਦੀ ਮਾਲਾ ਵੀ ਤਿਆਰ ਐ ਲਾੜੇ ਲਈ
ਤੇ ਚਾਰ ਬੰਦੇ ਵੀ ਤਿਆਰ ਨੇ ਪਿਆਰੇ ਲਈ
ਤੂੰ ਮੇਰੀ ਆਖਰੀ ਫ਼ਬਤ ਏ
ਤੂੰ ਮੇਰੀ ਆਖਰੀ ਮੋਹਬੱਤ ਏ~

# 3. ਖਤ

ਖ਼ੁਦਾ ਵਰਗੇ ਲੋਕ ਮਿਲੇ ਅਫ਼ਸਾਨੇ ਚ
ਇੱਕ ਪੁਰਾਣਾ ਖਤ ਮਿਲਿਆ ਅਣਜਾਣੇ ਚ
ਪਤਾ ਜ਼ਿਕਰ ਕਿਸਦਾ ਸੀ ਇਸ ਅਫ਼ਸਾਨੇ ਚ
ਦਰਦ ਮਜੇ ਲੈਂਦਾ ਰਿਹਾ ਦੁਹਰਾਣੇ ਚ

ਸ਼ਾਮ ਦੀ ਰਾਹ ਤੱਕੀ ਬਹੁਤ
ਤੇ ਚੰਦ ਨੇ ਕਿੰਨੀ ਦੇਰ ਕਰਤੀ ਆਨੇ ਚ
ਇੱਕ ਪੁਰਾਣਾ ਖਤ ਮਿਲਿਆ ਅਣਜਾਣੇ ਚ

ਰਾਤ ਵੀ ਲੰਘਣੀ ਔਖੀ ਲੱਗਦੀ
ਖ਼ੁਦਾ ਥੋੜੀ ਜਿਹੀ ਧੁੱਪ ਕਰਦੇ ਮੇਰੇ ਪੈਮਾਨੇ ਚ
ਇੱਕ ਪੁਰਾਣਾ ਖਤ ਮਿਲਿਆ ਅਣਜਾਣੇ ਚ

ਕੌਣ ਆ ਦਿਲ ਵਿੱਚ ਅੱਜ ਵੀ
ਕਿਸਦੀ ਆਵਾਜ਼ ਸੁਣਦੀ ਆ ਵੀਰਾਨੇ ਚ
ਇੱਕ ਪੁਰਾਣਾ ਖਤ ਮਿਲਿਆ ਅਣਜਾਣੇ ਚ



# 4. ਤਵਾਇਫ਼ ਏ ਇਸ਼ਕ

ਅਗਰ ਓਹ ਹੋ ਜਾਵੇ ਮੇਰੀ ਤਾਂ
ਮੈਂ ਵੀ ਕੁਰਬਾਨ ਹੋ ਜਾਣਾ ਏ
ਤਵਾਇਫ਼ ਕਰਨ ਲੱਗੀ ਅਗਰ ਇਸ਼ਕ
ਤਾਂ ਇਸ਼ਕ ਪਰਵਾਨ ਹੋ ਜਾਣਾ ਏ

ਤਵਾਇਫ਼ ਲਿਖਣ ਲੱਗੀ ਅਗਰ ਨਜ਼ਮਾਂ
ਤਾਂ ਸ਼ਰੀਫਾਂ ਨੇ ਸ਼ਰਮੋਸਾਰ ਹੋ ਜਾਣਾ
ਓਹ ਬਾਜ਼ਾਰ ਜਿਥੋਂ ਇਸ਼ਕ ਮੁੱਲ ਮਿਲਦਾ
ਓਹਨੇ ਵੀ ਮਹਿਰੇ ਬੇਕਾਰ ਹੋ ਜਾਣਾ ਏ

ਤਵਾਇਫ਼ ਆ ਜਾਵੇ ਅਗਰ ਖ਼ੁਦਾ ਦੇ ਘਰ
ਤਾਂ ਖ਼ੁਦਾ ਨੇ ਬੇਹਾਲ ਹੋ ਜਾਣਾ ਏ
ਖ਼ੁਦਾ ਦੇ ਬੰਦੇ ਜਿਹੜੇ ਓਹਦੇ ਦਰ ਜਾਂਦੇ
ਓਹਨਾ ਦਾ ਕੀ ਹਾਲ ਹੋ ਜਾਣਾ ਏ

ਤਵਾਇਫ਼ ਮੰਨੇ ਨਾ ਅਗਰ ਗਾਹਕ ਦੀ ਗੱਲ
ਤਾਂ ਗਾਹਕ ਨੇ ਬਿਮਾਰ ਹੋ ਜਾਣਾ ਏ
ਪੈਸੇ ਖਰੀਦ ਲੈਂਦੇ ਅਗਰ ਰੂਹ ਨੂੰ
ਤਾਂ ਦੁਨੀਆ ਚ ਵਵਾਲ ਹੋ ਜਾਣਾ ਏ
ਤਵਾਇਫ਼ ਕਰਨ ਲੱਗੀ ਅਗਰ ਇਸ਼ਕ
ਤਾਂ ਇਸ਼ਕ ਪਰਵਾਨ ਹੋ ਜਾਣਾ ਏ~



# 5. ਡਰ

ਡਰ ਨਹੀਂ ਸਿਰ ਉੱਚਾ ਕਰਕੇ ਰਹਿਣਾ ਮੈਂ
ਗਿਆਨ ਮੁਫ਼ਤ ਆ ਜਿੱਥੇ ਓਥੇ ਰਹਿਣਾ ਮੈਂ
ਘਰ ਦੀਆ ਕੰਧਾ ਨਾ ਵੰਡਣ ਜਿੱਥੇ ਘਰ ਨੂੰ
ਇੱਕ ਅਰਜ਼ ਸੁਣੀ ਮੇਰੀ ਓਥੇ ਹੀ ਰਹਿਣਾ ਮੈਂ

ਸੱਚ ਦੀ ਡੂੰਘਾਈ ਵਿੱਚੋ ਨਿਕਲਣ ਅੱਖਰ ਜਿੱਥੇ
ਬਿਨਾ ਥੱਕੇ ਬਿਨਾ ਡਰੇ ਹੋਣ ਯਤਨ ਜਿੱਥੇ
ਤਰਕ ਦੀ ਗੱਲ ਕਰਨ ਦੀ ਆਦਤ ਹੋਵੇ
ਤੇ ਹਰ ਕਿਸੇ ਨਾਲ ਹੋਵੇ ਬਰਾਬਰ ਦੀ ਟੱਕਰ ਜਿੱਥੇ

ਮਨ ਹਰ ਇੱਕ ਗੱਲ ਵਿੱਚ ਸਹੀ ਦਾ ਸਾਥ ਦਵੇ
ਕੋਈ ਗਲਤ ਹੋਵੇ ਓਥੇ ਨਹੀਂ ਦਾ ਜਬਾਬ ਦਵੇ
ਅਜ਼ਾਦੀ ਕੁੱਝ ਦੇਕੇ ਮਿਲਣ ਨਾਲੋ ਨਾ ਮਿਲੇ
ਆਜ਼ਾਦ ਏ ਦਿਲ ਹੀ ਸਭ ਕੁਝ ਏਹੀ ਕਹਿਣਾ ਮੈਂ
ਡਰ ਨਹੀਂ ਸਿਰ ਉੱਚਾ ਕਰਕੇ ਰਹਿਣਾ ਮੈਂ~



# 6. ਕੱਚਾ ਰਸਤਾ

ਸੁਣਿਆ ਅੱਜ ਕੱਲ ਸੱਜਣ ਥੋੜੇ ਬੀਜ਼ੀ ਬੰਦੇ ਨੇ
ਫੇਰ ਇਹ ਵੀ ਦੱਸੋ ਏਡੇ ਕਿਹੜੇ ਡੀਸੀ ਲਗੇ ਨੇ
ਚੱਲ ਮੰਨਿਆ ਕਾਰਾ ਕੁਰਾਂ ਥੋੜੀਆ ਜਿਆਦਾ ਖੜੀਆ ਨੇ
ਇੱਥੋਂ ਲਗਦਾ ਯਾਰਾਂ ਓਹਦਾ ਵੱਡੇ ਬੰਦੇ ਨੇ
ਤੈਨੂੰ ਚੱਜ ਨਾ ਆਇਆ ਲਿਖਨੇ ਦਾ, ਹੁਣ ਚੱਜ ਵੀ ਚੇਤੇ ਆ
ਤੇਰੇ ਪਿੰਡ ਵਾਲਾ ਓਹ ਕੱਚਾ ਰਸਤਾ ਅੱਜ ਵੀ ਚੇਤੇ ਆ

ਮੇਰਾ ਸ਼ਿਵ ਨੂੰ ਪੜ੍ਹਨਾ ਕੱਲਿਆ ਬਹਿ ਕੇ ਰਾਤਾਂ ਨੂੰ
ਓਹ ਤੈਨੂੰ ਵਧੀਆ ਲਗਦਾ ਕਹਿ ਕੇ ਰਾਤਾਂ ਨੂੰ
ਮੈਂ ਓਸ਼ੋ ਵਰਗਾ ਹੋ ਗਿਆ ਆ ਏਨਾ ਪੜਿਆ ਆ
ਹੁਣ ਨਹੀਂ ਲਗਦਾ ਦਿਲ ਵੀ ਪੇ ਕੇ ਰਾਤਾਂ ਨੂੰ
ਮੈਨੂੰ ਲੱਜ ਨਾ ਆਈ ਆਖਣ ਲੱਗੇ, ਹੁਣ ਲੱਜ ਵੀ ਚੇਤੇ ਆ
ਤੇਰੇ ਪਿੰਡ ਵਾਲਾ ਓਹ ਕੱਚਾ ਰਸਤਾ ਅੱਜ ਵੀ ਚੇਤੇ ਆ

ਤੇਰੇ ਪਿੰਡ ਦਾ ਨਕਸ਼ਾ ਬਦਲਿਆ ਹੋਣਾ ਲੱਗਦਾ ਮੈਨੂੰ
ਅੱਜ ਵੀ ਹੋਣਾ ਓਹੀ ਪਾਗ਼ਲ ਏਹੀ ਲੱਗਦਾ ਤੈਨੂੰ
ਮੈਂ ਸੁਣਿਆ ਤੂੰ ਲਭਦੀ ਮਹਿਰਾ ਨਹੀਂ ਓ ਮਿਲਦਾ
ਓਹ ਪਿੰਡ ਨਾ ਮਿਲਦਾ ਵੀ ਨੀ ਖੇਤੇ ਲੱਗਦਾ ਮੈਨੂੰ
ਇਜਹਾਰ ਦੇ ਵੇਲੇ ਭੱਜਿਆ, ਓਹ ਭੱਜ ਵੀ ਚੇਤੇ ਆ
ਤੇਰੇ ਪਿੰਡ ਵਾਲਾ ਓਹ ਕੱਚਾ ਰਸਤਾ ਅੱਜ ਵੀ ਚੇਤੇ ਆ~



# 7. ਚੁੱਪ



ਬੱਸ ਇੱਕ ਚੁੱਪ ਜਿਹੀ ਲੱਗੀ ਆ
ਨਹੀਂ ਉਦਾਸ ਨਹੀਂ ਆ
ਕਿਤੇ ਸਾਹ ਜਿਹਾ ਰੁਕਿਆ ਏ
ਨਹੀਂ ਉਦਾਸ ਨਹੀਂ ਆ
ਬੱਸ ਇਕ ਚੁੱਪ ਜਿਹੀ ਲੱਗੀ ਆ

ਸਹਰ ਵੀ ਇਹ ਰਾਤ ਵੀ, ਦੁਪਹਿਰ ਵੀ ਮਿਲੀ ਪਰ
ਅਸੀ ਸ਼ਾਮ ਚੁਣੀ ਆ, ਅਸੀ ਸ਼ਾਮ ਚੁਣੀ ਆ
ਨਹੀਂ ਉਦਾਸ ਨਹੀਂ ਆ
ਬੱਸ ਇੱਕ ਚੁੱਪ ਜਿਹੀ ਲੱਗੀ ਆ

ਕੋਈ ਵੱਖਰੀ ਨਹੀਂ, ਐਵੇਂ ਜ਼ਿੰਦਗੀ ਪਰ
ਖ਼ੂਬ ਨਹੀਂ ਆ, ਮਿਲੀ ਹੋ ਖ਼ੂਬ ਮਿਲੀ ਆ
ਨਹੀਂ ਉਦਾਸ ਨਹੀਂ ਆ,ਬੱਸ ਇੱਕ ਚੁੱਪ ਜਿਹੀ ਲੱਗੀ ਆ

ਓਹ ਦਾਸੰਤਾ ਜੋ, ਅਸੀ ਕਿਹਾ ਵੀ ਅਸੀ ਲਿਖੀ ਆ
ਅੱਜ ਓਹ ਖੁਦ ਤੋ ਸੁਣੀ ਆ
ਨਹੀਂ ਉਦਾਸ ਨਹੀਂ ਆ
ਬੱਸ ਇੱਕ ਚੁੱਪ ਜਿਹੀ ਲੱਗੀ ਆ~

# 8. ਗ਼ਜ਼ਲਾਂ

ਗ਼ਜ਼ਲਾਂ ਲਿਖਦਾ ਰਹਿੰਦਾ ਜਿੱਦਾ ਗਾਲਿਬ ਨੀ
ਦਿਲ ਟੁੱਟ ਜਾਵੇ ਪਿਆਰ ਕਰਨ ਦੇ ਕਾਬਿਲ ਨੀ
ਬਸ਼ੀਰ ਬਦਰ ਦੇ ਸ਼ਾਇਰ ਜਿਹੀ ਪਰ ਮੇਰੀ ਨੀ
ਇਹ ਲਗਦੀ ਤੇਰੀ ਕਲਮ ਜਿਹੀ ਪਰ ਤੇਰੀ ਨੀ
ਮੈ ਗ਼ਜ਼ਲਾਂ ਲਿਖਦਾ ਰਹਿਨਾ ਜਗਜੀਤ ਕੁੜੇ
ਤੈਥੋ ਪੜ ਨਹੀਂ ਹੋਣੇ ਏਨੇ ਲਿਖਨੇ ਗੀਤ ਕੁੜੇ



ਭਾਵੇਂ ਮਰਨਾ ਇੱਕ ਦਿਨ ਤੇਰੇ ਬਿਨ ਮੈਂ
ਹਾਫ਼ਿਜ਼ ਪੜ ਲਾ ਉਸ ਦਿਨ ਜੈ ਮੈ
ਜ਼ਿੰਦਗੀ ਜੀਅ ਕੇ ਕੁੱਝ ਨਹੀਂ ਖੱਟਿਆ
ਇਸ਼ਕ ਉਸ਼ਕ ਚ ਕੁੱਝ ਨਹੀਂ ਰੱਖਿਆ
ਹੁਣ ਮਰਨਾ ਸੌਖਾ ਕਰਜਾ ਜਾਲਮ
ਇਸ ਦੁਨੀਆ ਵਿਚ ਕੁੱਝ ਨਹੀਂ ਜਚਿਆ
ਮੈਂ ਗ਼ਜ਼ਲਾਂ ਲਿਖਦਾ ਰਹਿਨਾ ਗੁਲਜ਼ਾਰ ਕੁੜੇ
ਹੁਣ ਨਹੀਂ ਹੋਣਾ ਜਲਦੀ ਲਗਦਾ ਪਿਆਰ ਕੁੜੇ

ਪਾਗ਼ਲ ਘੋੜੇ ਭੱਜਦੇ ਦੇਖੇ ਆਸ਼ਕ ਨਹੀਂ
ਮੇਰੇ ਵਰਗੇ ਦੇਖੇ ਹੀ ਨੇ ਰਾਹਤ ਨਹੀਂ
ਗੀਤ ਹੀ ਲਿਖਕੇ ਦਿੱਤੇ ਨੇ ਏਨਾ ਰਾਤਾ ਨੇ
ਲਿਖਣ ਦੀ ਆਦਤ ਪਾ ਦਿੱਤੀ ਆ ਯਾਦਾ ਨੇ
ਦਿਲ ਹੀ ਬਣ ਨਾ ਜਾਵਾਂ ਏਦਾਂ ਹੋ ਸਕਦਾ
ਪਰ ਕੀਂ ਕਰੀਏ ਨਾ ਮੇਹਰੇ ਵਰਗੀਆ ਬਾਤਾ ਨੇ
ਮੈ ਗ਼ਜ਼ਲਾਂ ਲਿਖਦਾ ਰਹਿਨਾ ਸ਼ਿਵ ਵਾਂਗ ਕੁੜੇ
ਪਰ ਧੋਖੇ ਖਾਣੇ ਆਉਂਦੇ ਨਹੀਂ ਸ਼ਿਵ ਵਾਂਗ ਕੁੜੇ



# 9. ਰੋਂਦੀ ਅੱਖ

ਮੇਰੀ ਰੂਹ ਨੂੰ ਪੁੱਛ ਕੇ ਵੇਖੀ ਤੈਨੂੰ ਕਿੰਨਾ ਚਾਹੁੰਦੀ ਆ
ਓਹ ਹਸਦੀ ਮੇਰੀ ਅੱਖ ਜਿਹੀ ਤੇਰੇ ਕਰਕੇ ਰੋਂਦੀ ਆ

ਤੇਰਾ ਇਸ਼ਕ ਆ ਪਹਿਲਾ ਪੈਸਾ, ਦੂਜਾ ਜਿਸਮਾ ਨਾਲ ਏ ਆ
ਮੇਰੇ ਦਿਲ ਤੋ ਪੁੱਛ ਕੇ ਦੇਖੀ ਕਿੰਨੇ ਸਾਲ ਜਿਹੇ ਗਾਲੇ ਏ ਆ
ਹੁਣ ਹੰਜੂ ਮੁੱਕ ਗਏ ਰਾਤਾਂ ਨੂੰ, ਅੱਖ ਵੀ ਸੌਂਦੀ ਨਾ
ਓਹ ਹਸਦੀ ਮੇਰੀ ਅੱਖ ਜਿਹੀ ਤੇਰੇ ਕਰਕੇ ਰੋਂਦੀ ਆ



ਮੈਂ ਹੱਸਦੀ ਉਪਰੋ ਰਹਿਣੀ ਅੰਦਰ ਮੱਚਦੇ ਕੋਲੇ ਨੇ
ਕਾਹਤੋਂ ਇਸ਼ਕਾ ਦੇ ਵਿਚ ਫੇਲ ਜਿਹੇ ਹੁੰਦੇ ਬੰਦੇ ਭੋਲੇ ਨੇ
ਤੂੰ ਨਹੀਂ ਮਿਲਦਾ ਲੱਗਦਾ ਗਲਤੀ ਮੇਰੀ ਹੋਣੀ ਆ
ਓਹ ਹੱਸਦੀ ਮੇਰੀ ਅੱਖ ਜਿਹੀ ਤੇਰੇ ਕਰਕੇ ਰੋਂਦੀ ਆ

ਓਹ ਹੱਸਦੇ ਜਿਹੜੇ ਆਸ਼ਕ ਮੈਨੂੰ ਲੱਗਦੇ ਭੇੜੇ ਨੇ
ਤੇਰਾ ਦਿਲ ਤਾਂ ਮਹਿਰੇ ਛੋਟਾ ਭਾਵੇਂ ਵੱਡੇ ਵੇੜੇ ਨੇ
ਤੇਰੀ ਕਲਮ ਵੀ ਲੱਗਦਾ ਤੇਰੇ ਵਰਗੇ ਗੀਤ ਬਣਾਉਂਦੀ ਆ
ਓਹ ਹੱਸਦੀ ਮੇਰੀ ਅੱਖ ਜਿਹੀ ਤੇਰੇ ਕਰਕੇ ਰੋਂਦੀ ਆ

ਤੂੰ ਹੋਰਾ ਉੱਤੇ ਮਰਲਾ ਚੱਲ ਹੁਣ ਮੈਂ ਵੀ ਮਰਦੀ ਆ
ਚੱਲ ਮੈਂ ਵੀ ਅੱਜ ਤੋ ਕਹਿ ਦੇਣੀ ਆ ਪਿਆਰ ਨਹੀਂ ਕਰਦੀ ਆ
ਤੂੰ ਚਾਅਹ ਲਾ ਹੋਰਾ ਨੂੰ ਯਾਰਾਂ ਹੁਣ ਤੈਨੂੰ ਚਾਹੁੰਦੀ ਨਾ
ਓਹ ਹੱਸਦੀ ਮੇਰੀ ਅੱਖ ਜਿਹੀ ਤੇਰੇ ਕਰਕੇ ਰੋਂਦੀ ਆ~


# 10. ਬੇਦਾਰੀ ਏ ਇਹਸਾਸ


ਬੇਦਾਰੀ ਏ ਇਹਸਾਸ ਕਾ ਤਜ਼ੁਰਬਾ ਹਮੇਂ ਨਹੀਂ ਚਾਹੀਏ
ਕੁਛ ਬਾਤੇਂ ਹੋਗੀ ਅੱਛੀ ਖ਼ੈਰ ਲੇਕਿਨ ਹਮੇਂ ਨਹੀਂ ਚਾਹੀਏ

ਦਸ਼ਤ ਓ ਦਰ ਪਰ ਨਾਮ ਹਮਾਰਾ ਲਿਖ ਆਨਾ
ਇਨ ਰੇਤ ਕੇ ਟਿੱਬੋ ਕੀ ਰੇਤ ਹਮੇਂ ਨਹੀਂ ਚਾਹੀਏ

ਸੰਗ ਮਰਮਰ ਕਾ ਪੱਥਰ ਤਾਜ਼ ਮੇਂ ਠੀਕ ਹੈ
ਦਾਗ਼ ਏ ਅਫਤਾਲ ਕਾ ਵਾਅਦਾ ਹਮੇਂ ਨਹੀਂ ਚਾਹੀਏ

ਮਯੂਰ ਏ ਤਮਾਸ਼ਾ ਦੇਖ ਇਤਨਾ ਖੁਸ਼ ਕਿਉ ਹੋ
ਮਿਜ਼ਾ ਏ ਖਾਰ ਦੇਖ ਇਤਨਾ ਖੁਸ਼ ਕਿਉ ਹੋ
ਬੇਦਾਰੀ ਏ ਇਹਸਾਸ ਕਾ ਤਜ਼ੁਰਬਾ ਹਮੇਂ ਨਹੀਂ ਚਾਹੀਏ~





# 11. ਮਾਂ

ਨਿੰਮ ਅੰਬ ਦੀ ਛਾਂ ਵਰਗੀ ਬਣ ਸਕਦੀ ਆ
ਤੂੰ ਮੇਰੀ ਮਾਂ ਵਰਗੀ ਬਣ ਸਕਦੀ ਆ?

ਤੂੰ ਚੰਗੀ ਏ ਮੈਂ ਮਾੜੀ ਨਹੀਂ ਕਹਿੰਦਾ
ਤੂੰ ਹੈ ਜ਼ਿੰਦਗੀ ਚ ਪਰ ਸਾਰੀ ਨਹੀਂ ਕਹਿੰਦਾ
ਹਰ ਇੱਕ ਦੀ ਕਮਜ਼ੋਰੀ ਹੁੰਦੀ ਮੇਰੀ ਵੀ ਆ
ਮੈਂ ਜਿੱਥੇ ਜੰਮਿਆ ਤੂੰ ਉਸ ਥਾਂ ਵਰਗੀ ਬਣ ਸਕਦੀ ਆ
ਤੂੰ ਮੇਰੀ ਮਾਂ ਵਰਗੀ ਬਣ ਸਕਦੀ ਆ?

ਮੈਂ ਤਾਂ ਮੈਂ ਹੀ ਆ ਕੋਈ ਖ਼ਾਸ ਨਹੀਂ ਆ
ਮਾਂ ਵਰਗੀ ਮਿਲੇ ਕੋਈ ਆਸ ਨਹੀਂ ਆ
ਮੈਂ ਓਹ ਨਹੀਂ ਸ਼ਬਿਲਾ ਲਾਉਂਦੇ ਘਰ ਪਾਣੀ ਨਾ ਪੁੱਛਣ
ਤੂੰ ਮੇਰੀ ਨਾਂਹ ਦੀ ਕਦਰ ਕਰੀ ਤੂੰ ਹਾਂ ਵਰਗੀ ਬਣ ਸਕਦੀ ਆ
ਤੂੰ ਮੇਰੀ ਮਾਂ ਵਰਗੀ ਬਣ ਸਕਦੀ ਆ? ~





# 12. ਬਾਗ਼ ਦਾ ਮਾਲੀ

ਇੱਕ ਬਾਗ਼ ਦਾ ਮਾਲੀ ਬਣ ਗਿਆ
ਦੂਜਾ ਬਾਗ਼ ਹੀ ਖਾਲੀ ਕਰ ਗਿਆ
ਇੱਕ ਨੇ ਮੰਗਿਆ ਓਹਨੂੰ ਤੱਕਣਾ
ਬਸ ਅੱਖਾਂ ਸਾਵੇ ਰੱਖਣਾ
ਓਹਨੇ ਮੰਗਿਆ ਯਾਰ ਨੂੰ ਤੱਕਣਾ

ਫੁੱਲ ਤੋੜਨ ਤੋ ਡਰਨ ਵਾਲੇ
ਟੁੱਟ ਕੇ ਪਿਆਰ ਕਰਨ ਵਾਲੇ
ਰਹੇ ਨਹੀਂ ਇਸ ਜੱਗ ਤੇ
ਚੱਲ ਗਏ ਇਤਿਹਾਸ ਰਚ ਕੇ
ਨਹੀਂ ਰਹੇ ਇਸ ਜੱਗ ਤੇ



ਤੂੰ ਓਹ ਮਾਲੀ ਨੂੰ ਪੁੱਛਕੇ ਦੇਖੀ
ਕਦੇ ਓਹਦੇ ਨਾਲ ਰੁਸਕੇ ਦੇਖੀ
ਫੇਰ ਕੀ ਹੋਣਾ ਦਸ ਕੇ ਜਾਵੀਂ
ਓਹਦੀ ਗੱਲ ਤੇ ਹੱਸ ਕੇ ਜਾਵੀਂ
ਮੈਨੂੰ ਵੀ ਦਸ ਕੇ ਜਾਵੀਂ

ਫੁੱਲਾਂ ਦੀ ਥਾਂ ਕੰਡੇ ਦਿੱਤੇ ਨੇ
ਇਹਨੇ ਹੀ ਦੁੱਖ ਵੱਡੇ ਦਿੱਤੇ ਨੇ
ਕੁੱਝ ਨਹੀਂ ਇਹ ਆਖਰੀ ਗੱਲ ਆ
ਤੇਰੇ ਨਾਲ ਬੀਤ ਜਾਣ ਇਹ ਆਖਰੀ ਪਲ ਆ
ਮੇਰੀ ਇਹ ਆਖ਼ਰੀਂ ਗੱਲ ਤੇਰੇ ਵੱਲ ਆ~

# 13. ਲੰਬੇ ਰਾਹ

ਸਾਡੀ ਕਿਸਮਤ ਚੰਗੀ ਏਨੀ ਵੀ ਨਹੀਂ
ਹੀਰ ਤੇ ਰਾਂਝੇ ਜਿਨੀ ਵੀ ਨਹੀਂ
ਸਾਡੇ ਦਿਲ ਅੰਦਰ ਤਾ ਲੰਬੀਆ ਰਾਤਾ
ਭਾਵੇਂ ਜ਼ਿੰਦਗੀ ਮੁੱਕੇ ਨਾ ਮੁੱਕਣ ਬਾਤਾ
ਬੜੀ ਹੱਸਕੇ ਕੱਢੀ ਜ਼ਿੰਦਗੀ ਹੁਣ ਰੋਣਾ ਚਉਣੇ ਆ
ਓਹ ਆਸ਼ਕ ਲੰਬੇ ਰਾਹਾਂ ਦੇ ਅਸੀ ਹੋਣਾ ਚਾਉਣੇ ਆ
ਅਸੀ ਡਰਦੇ ਰੇਗਿਸਤਾਨਾ ਤੋ ਪਰ ਖੋਣਾ ਚਉਣੇ ਆ


ਕੁੱਝ ਹਿਟਲਰ ਬਣ ਗਏ ਇਸ਼ਕ ਦੇ
ਕਈਆ ਜ਼ਿੰਦਗੀ ਲਾ ਲਈ ਰਿਸਕ ਤੇ
ਅਸੀ ਚਾਹੁੰਨੇ ਅੰਤ ਤੱਕ ਜਾਵਣਾ
ਭਾਵੇਂ ਰਸਤੇ ਵਿਚ ਹੋ ਰਾਵਣਾ
ਰਾਤਾ ਕੱਲੇ ਵੇਖੀਆ ਨੇ ਹੁਣ ਆਸ਼ਕ ਸੋਣਾ ਚਉਣੇ ਆ
ਉਹ ਆਸ਼ਕ ਲੰਬੇ ਰਾਹਾਂ ਦੇ ਅਸੀ ਵੀ ਹੋਣਾ ਚਾਉਣੇ ਆ
ਅਸੀ ਡਰਦੇ ਰੇਗਿਸਤਾਨਾ ਤੋ ਪਰ ਤਾਂ ਵੀ ਖੋਣਾ ਚਉਣੇ ਆ



ਇਸ ਇਸ਼ਕ ਦੇ ਪੈਂਡੇ ਪੁੱਠੇ ਪੈਣੇ
ਲੇਖ ਵੀ ਲੱਗਦਾ ਸੁਤੇ ਰੇਨੇ
ਕਰਨੇ ਵਰਗੇ ਕਿੱਥੋਂ ਮਿਲਦੇ
ਅਰਸ਼ੋ ਤਾਰੇ ਜਿਥੋਂ ਮਿਲਦੇ
ਵੰਜਰ ਦਿਲ ਤੇ ਬੀਜ ਇਸ਼ਕ ਦਾ ਬੋਣਾ ਚਾਉਣੇ ਆ
ਓਹ ਆਸ਼ਕ ਲੰਬੇ ਰਾਹਾਂ ਦੇ ਅਸੀ ਹੋਣਾ ਚਾਉਣੇ ਆ
ਅਸੀ ਡਰਦੇ ਰੇਗਿਸਤਾਨਾ ਤੋ ਪਰ ਖੋਣਾ ਚਉਣੇ ਆ

ਮੈਨੂੰ ਡਰ ਵੀ ਲਗਦਾ ਸੱਚੀ ਸਾਡਾ
ਨਲੀਨਾ ਵੀ ਆ ਦੂਰ ਦੁਰਾਡਾ
ਮਿਰਜ਼ਾ ਬਣਿਆ ਜਾਣਾ ਨਹੀਂ ਆ
ਸਾਹਿਬ ਤੇਰੇ ਲਈ ਨਾ ਸਹੀ ਆ
ਇਸ ਪਾਗ਼ਲ ਦਿਲ ਨੂੰ ਇਸ਼ਕ ਤੋ ਬਚਾਉਣਾ ਚਾਹੁੰਦੇ ਆ
ਓਹ ਆਸ਼ਕ ਲੰਬੇ ਰਾਹਾਂ ਦੇ ਅਸੀ ਹੋਣਾ ਚਾਉਣੇ ਆ
ਅਸੀ ਡਰਦੇ ਰੇਗਿਸਤਾਨਾ ਤੋ ਪਰ ਖੋਣਾ ਚਉਣੇ ਆ~







# 14. ਸੱਚ

ਕਈਂ ਦਿਲਾਂ ਦੇ ਮੁਰੀਦ ਪਰ ਦਿਲਾਂ ਦੇ ਮਰੀਜ ਨੇ
ਕਈਂ ਸ਼ਕਲੋ ਸ਼ਰੀਫ਼ ਪਰ ਅੰਦਰੋਂ ਕਮੀਨ ਨੇ
ਕਈਂ ਘਰ ਤੋ ਗਰੀਬ ਪਰ ਦਿਲ ਤੋ ਅਮੀਰ ਨੇ
ਕਈਂ ਲਾਉਂਦੇ ਨੇ ਸਕੀਮ ਪਰ ਅੰਦਰੋਂ ਫਕੀਰ ਨੇ
ਕਈਂ ਹੁੰਦੇ ਨੇ ਸ਼ਕੀਨ ਰਾਤ ਚਾਹੁੰਦੇ ਰੰਗੀਨ ਨੇ
ਕਈਂ ਸਹਿੰਦੇ ਯਾਰਾਂ ਪੀੜ ਨਾ ਪਸੰਦ ਓਹਨਾ ਭੀੜ
ਕਈਂ ਦਿਲਾਂ ਦੇ ਮੁਰੀਦ ਪਰ ਦਿਲਾਂ ਦੇ ਮਰੀਜ਼ ਨੇ

ਤਾਹੀਂ ਮਰਿਆ ਨਹੀਂ ਜਾਂਦਾ ਸਾਲੀ ਹੁੰਦੀ ਨਹੀਂ ਰੀਸ
ਹਰ ਵਾਰ ਪਹਿਲ ਕਰਾ ਹੁੰਦੀ ਨਹੀਂ ਤੀਜ
ਕਾਲਜ ਚ ਲੱਗਾ ਮਾਫ਼ ਹੁੰਦੀ ਨਹੀਂ ਫੀਸ
ਛੇਤੀ ਛੇਤੀ ਲਿਖਾ ਗੀਤ ਲੱਗੀ ਨਹੀਂ ਰੀਝ
ਕਲਮ ਬਣਾਈ ਪਰ ਬੋਇਆ ਨਹੀਂ ਬੀਜ
ਕੁੱਝ ਲਿਖਣਾ ਨੀ ਆਉਂਦਾ ਤਾਹੀਂ ਪੈਂਦੀ ਸਾਲੀ ਚੀਸ
ਸੱਚੀ ਲਿਖਣਾ ਨੀ ਆਉਂਦਾ ਤਾਹੀਂ ਪੈਂਦੀ ਸਾਲੀ ਚੀਸ



ਕਈਂ ਆਸ਼ਕਾ ਦੀ ਕਹਿੰਦੇ ਰਹਿੰਦੀ ਫਟਦੀ ਕਮੀਜ਼
ਕਈਂ ਬੋਲਣ ਚ ਤੇਜ਼ ਕਈਆਂ ਆਉਣੀ ਨਹੀਂ ਤਮੀਜ਼
ਕਈਂ ਜਾਂਦੇ ਅਮਰੀਕਾ ਰਹਿਣ ਮੱਚਦੇ ਸ਼ਰੀਕ
ਕਈਂ ਬੋਲਦੇ ਪੰਜਾਬੀ ਕਈਂ ਹੁੰਦੇ ਨੇ ਗਰੀਕ
ਕਈਂ ਮੋਟੇ ਹੋਈ ਜਾਣ ਕਈਂ ਰਹਿ ਗਏ ਬਰੀਕ
ਤੈਨੂੰ ਹੋਰ ਨਾਲ ਦੇਖ ਕਹਿੰਦੀ ਪੈਂਦੀ ਮੇਰੇ ਚੀਸ
ਸੱਚੀ ਹੋਰ ਨਾਲ ਦੇਖ ਕਹਿੰਦੀ ਪੈਂਦੀ ਮੇਰੇ ਚੀਸ~



# 15. ਜਾਨ

ਸੂਰਜ ਅਸਮਾਨ ਵਿੱਚ ਤੇਜ਼ ਸੀ
ਕੁੱਝ ਮੇਰੇ ਅਰਮਾਨ ਵਿੱਚ ਤੇਜ਼ ਸੀ
ਜਨਾਜਿਆ ਤੋ ਡਰਦੀ ਸੀ
ਤਾਹੀਂ ਮੇਰੀ ਬਰਾਤ ਗਈ ਆ
ਤੇਰੇ ਜਾਣ ਮਗਰੋਂ ਮੇਰੀ ਜਾਨ ਗਈ ਆ

ਪਤਾ ਵਾਲ ਵਾਹੁਣੇ ਭੁੱਲੀ ਸੀ
ਇਹ ਵੀ ਪਤਾ ਕਿਸ ਨਾਲ ਖੁੱਲ੍ਹੀ ਸੀ
ਜਿਹੜੀ ਹੋਰ ਨਾਮ ਕੀਤੀ
ਮੇਰੀ ਓਹ ਰਾਤ ਗਈ ਆ
ਤੇਰੇ ਜਾਣ ਮਗਰੋਂ ਮੇਰੀ ਜਾਨ ਗਈ ਆ



ਤੇਰੀ ਖਾਈ ਹਰ ਸੋਹ ਸੱਚ ਹੋਈ ਆ
ਹੁਣ ਜੀਹਦੇ ਨਾਲ ਲੁਕੀ ਓਹਵੀ ਮੇਰੀ ਲੋਈ ਆ
ਇਹ ਪੋਹ ਦਾ ਮਹੀਨਾ ਹੀ ਆ
ਜੀਹਨੇ ਮੇਰੀ ਬਾਤ ਸੁਣੀ ਆ
ਤੇਰੇ ਜਾਣ ਮਗਰੋਂ ਮੇਰੀ ਜਾਨ ਗਈ ਆ~

# 16. ਇੱਕ ਅਰਜ਼

ਖ਼ੁਦਾ ਇੱਕ ਮਸਲਾ ਹੱਲ ਕਰਵਾ ਦੇ
ਮੇਰੀ ਓਹਦੇ ਨਾਲ ਗੱਲ ਕਰਵਾ ਦੇ
ਨਹੀਂ ਜਿਆਦਾ ਨਹੀਂ ਮੰਗਦਾ
ਸੱਤ ਜਨਮਾਂ ਦਾ ਵਾਅਦਾ ਨਹੀਂ ਮੰਗਦਾ
ਅੱਜ ਨਹੀਂ ਚੱਲ ਕੱਲ ਕਰਵਾ ਦੇ
ਮੇਰੀ ਓਹਦੇ ਨਾਲ ਗੱਲ ਕਰਵਾ ਦੇ

ਰਾਤ ਰਾਤ ਭਰ ਬਹਿ ਗੱਲ ਕਰੇ
ਮੇਰੇ ਕੁੱਝ ਮਸਲੇ ਤਾਂ ਹੱਲ ਕਰੇ
ਓਹਨੂੰ ਪੁੱਛ ਮੈਂ ਹਰ ਕੰਮ ਕਰਾਂ
ਚਾਹੇ ਉਹ ਕੰਮ ਖ਼ੁਦ ਨਾਲ ਲੜ ਕਰਾਂ
ਓਹ ਵੱਲ ਨਹੀਂ ਵੱਲ ਕਰਵਾ ਦੇ
ਮੇਰੀ ਓਹਦੇ ਨਾਲ ਗੱਲ ਕਰਵਾ ਦੇ

ਨਾਸਤਿਕ ਨੂੰ ਗੁਰੂ ਘਰ ਜਾਣ ਲਾਦੇ
ਕੀ ਪਤਾ ਵਧੀਆ ਖਿਆਲ ਆਣ ਲਾਦੇ
ਉਦਾਸ ਦਿਲ ਨੂੰ ਸਕੂਨ ਮਿਲੇ
ਅਗਰ ਮੈਨੂੰ ਓਹ ਹਜ਼ੂਰ ਮਿਲੇ
ਕੁੱਝ ਯਾਦ ਨਹੀਂ ਚੇਤੇ ਪਲ ਕਰਵਾ ਦੇ
ਮੇਰੀ ਓਹਦੇ ਨਾਲ ਗੱਲ ਕਰਵਾ ਦੇ



ਚਾਹੇ ਲਾਜ਼ਮੀ ਹੀ ਸ਼ਹਿਰ ਦੂਰ ਹੋਵੇ

ਚਾਹੇ ਕਿੰਨੀ ਵੱਡੀ ਓਹ ਹੂਰ ਹੋਵੇ

ਫਰਕ ਨਹੀਂ ਪੈਣਾ ਮੈਂ ਵੀ ਸ਼ਾਇਰ ਆ

ਦਿਲ ਅੰਦਰ ਜਗ੍ਹਾ ਬਨਾਣ ਚ ਮਾਹਿਰ ਆ

ਜਿਆਦਾ ਨਹੀਂ ਕੁੱਝ ਪਲ ਗੱਲ ਕਰਵਾ ਦੇ

ਖ਼ੁਦਾ ਇੱਕ ਮਸਲਾ ਹੱਲ ਕਰਵਾ ਦੇ

ਮੇਰੀ ਓਹਦੇ ਨਾਲ ਗੱਲ ਕਰਵਾ ਦੇ~



# 17. ਪਰਵਾਜ਼


ਇੱਕ ਪਰਵਾਜ਼ ਦਿਖਾਈ ਦਿੱਤੀ ਏ
ਤੇਰੀ ਅਵਾਜ਼ ਸੁਣਾਈ ਦਿੱਤੀ ਏ

ਜਿਸ ਦੀਆ ਅੱਖਾਂ ਚ ਕੱਟੀ ਸੀ ਜ਼ਿੰਦਗੀ
ਓਹਨੇ ਸਦੀਆ ਦੀ ਜੁਦਾਈ ਦਿੱਤੀ ਏ


ਸਿਰਫ ਇੱਕ ਪੰਨਾ ਪਲਟ ਕੇ ਓਹਨੇ
ਹੋਈਆ ਤਮਾਮ ਗੱਲਾਂ ਦੀ ਸਫਾਈ ਦਿੱਤੀ ਏ

ਫੇਰ ਓਥੇ ਵਾਪਿਸ ਜਾਣਾ ਪੈਣਾ
ਯਾਰ ਨੇ ਇਹੋ ਰਿਹਾਈ ਦਿੱਤੀ ਏ

ਅੱਗ ਨੇ ਕੀ ਕੀ ਜਲਾਇਆ ਏ
ਕਿੰਨੀ ਖੁਸ਼ ਰੰਗ ਦਿਖਾਈ ਦਿੱਤੀ ਏ~



# 18. ਜਿਸਮ ਫਰੋਸ਼ੀ



ਉਸਕੇ ਆਗੇ ਝੁਕੀ ਜੋ ਪਹਿਲੀ ਰਾਤ ਹੈ
ਜਿਸਕੇ ਲੀਏ ਮਰਤੇ ਥੇ ਵੁਹ ਵੀ ਸਾਥ ਹੈ
ਕਿਤਨੇ ਬਦਨ ਛੁਏ ਇਸਨੇ ਕੈਸੇ ਹਾਥ ਹੈਂ
ਜਿਸਮ ਏ ਖਾਤਰ ਮਰ ਜਾਣਾ ਹੈ ਕੈਸੀ ਜਾਤ ਹੈ
ਕਰਤਾ ਨਹੀਂ ਬਾਤ ਐਸੀ ਹੁਈ ਖਤਾ ਕਯਾ
ਮਰਦ ਹੋਤੇ ਜਿਸਮ ਕੇ ਝੂਠ ਬੋਲਾ ਤੋ ਬਤਾ
ਅਬ ਹਮ ਮਰੇਂਗੇ ਜਿਸਮ ਏ ਕਾਤਿਲ ਮੈਂ ਹੈ
ਜਿਸਮ ਫਰੋਸ਼ੀ ਕੀ ਤਮਨਹਾ ਅਬ ਹਮਾਰੇ ਦਿਲ ਮੇਂ ਹੈ
ਦੇਖਤੇ ਹੈ ਜੋਰ ਕਿਤਨਾ ਆਰਜੂਏ ਖਾਤਿਰ ਮੇਂ ਹੈ

ਸ਼ੋਹਰਤ ਮਿਲੇ ਨਾ ਮਿਲੇ ਦੌਲਤ ਕਾ ਸਵਾਲ ਹੈ
ਬਿਸਤਰ ਹੀ ਗਰਮ ਕਰਨਾ ਆਪਕਾ ਹੀ ਖਿਆਲ ਹੈ
ਦੇਖਤੇ ਹੈਂ ਨੀਂਦ ਆਤੀ ਆਪਕੇ ਹੀ ਬਿਨ ਮੇਂ ਹੈ
ਜਿਸਮ ਫਰੋਸ਼ੀ ਕੀ ਤਮਨਹਾ ਅਬ ਹਮਾਰੇ ਦਿਲ ਮੇਂ ਹੈ
ਦੇਖਤੇ ਹੈ ਜੋਰ ਕਿਤਨਾ ਆਰਜੂਏ ਖਾਤਿਰ ਮੇਂ ਹੈ

ਕਰ ਦੇਂਗੇ ਖੁਸ਼ ਕੌਣ ਕੋਣ ਹੋਗਾ ਸਾਥ ਮੇਂ
ਮੌਤ ਆਨੀ ਹੈ ਮਗਰ ਆਪ ਆਨਾ ਬਰਾਤ ਮੇਂ
ਬਚਾ ਲਏ ਹਮ ਕੋ ਜੋਰ ਨਾਂ ਹਾਤਿਮ ਮੇਂ ਹੈ
ਜਿਸਮ ਫਰੋਸ਼ੀ ਕੀ ਤਮਨਹਾ ਅਬ ਹਮਾਰੇ ਦਿਲ ਮੇਂ ਹੈ
ਦੇਖਤੇ ਹੈ ਜੋਰ ਕਿਤਨਾ ਆਰਜੂਏ ਖਾਤਿਰ ਮੇਂ ਹੈ~

# 19. ਇੱਕ ਸੁਪਨਾ

ਇੱਕ ਲਿਖਤ ਤੋ ਮੁਲਾਕਾਤ ਹੋਈ
ਓਹਦੇ ਨਾਲ ਇੱਕ ਬਾਤ ਹੋਈ
ਗੱਲ ਏਨੀ ਡੂੰਘੀ ਹੋਈ
ਜਿੰਨੀ ਸੀ ਰਾਤ ਹੋਈ
ਓਹਦੇ ਕੋਲ ਹੋਣਾ ਸ਼ੋਲ ਸ਼ਾਇਦ
ਮੇਰੇ ਕੋਲ ਤਾਂ ਖੇਸੀ ਸੀ
ਓਹ ਯਾਰ ਪਰਦੇਸੀ ਸੀ
ਦਿਲਦਾਰ ਪਰਦੇਸੀ ਸੀ

ਓਹ ਹੋਰਾ ਵਰਗਾ ਕਿੱਥੇ ਸੀ
ਹੋਰਾ ਦਾ ਸੁਪਨਾ ਸੀ ਓਹ ਜਿੱਥੇ ਸੀ
ਪਰ ਓਹ ਵੱਖ ਸੀ ਲੱਗੀ
ਮੇਰੀ ਵੀ ਅੱਖ ਨਹੀਂ ਲੱਗੀ
ਸੋਣ ਕੋਸ਼ਿਸ਼ ਕੀਤੀ ਮੈਂ
ਪਰ ਖ਼ੁਦਾ ਸ਼ੇਹ ਹੀ ਐਸੀ ਭੇਜੀ ਸੀ
ਓਹ ਯਾਰ ਪਰਦੇਸੀ ਸੀ
ਦਿਲਦਾਰ ਪਰਦੇਸੀ ਸੀ





ਨਹੀਂ ਪਿਆਰ ਕਿੱਥੇ ਆ
ਮੇਰਾ ਯਾਰ ਕਿੱਥੇ ਆ
ਪਰ ਪਤਾ ਨਹੀਂ ਕੀ ਏ ਓਹ
ਛੋਟੀ ਏ ਪਰ ਜੀ ਏ ਓਹ
ਮੇਰਾ ਦਿਲ ਓਦੋਂ ਜਿਆਦਾ ਤੇਜ਼ ਸੀ
ਚਾਹੇ ਤੇਰੇ ਸ਼ਹਿਰ ਚ ਤੇਜੀ ਸੀ
ਓਹ ਯਾਰ ਪਰਦੇਸੀ ਸੀ
ਦਿਲਦਾਰ ਪਰਦੇਸੀ ਸੀ

ਮੇਹਰੇ ਨਾ ਕਰ ਮਰ ਜਾਣਾ ਤੂੰ
ਓਹਨੇ ਪਾਗ਼ਲ ਕਰ ਜਾਣਾ ਉ
ਪਰ ਪਾਗ਼ਲ ਹੋਣਾ ਮੈਂ
ਮੁਕਮਲ ਸ਼ਾਇਰ ਹੋਣਾ ਮੈਂ
ਤੂੰ ਗੱਲ ਕਰ ਹੀ ਪਾਗ਼ਲ ਹੋਇਆ
ਓਹਦੀ ਫੋਟੋ ਤੱਕ ਨਾ ਦੇਖੀ ਸੀ
ਓਹ ਯਾਰ ਪਰਦੇਸੀ ਸੀ
ਦਿਲਦਾਰ ਪਰਦੇਸੀ ਸੀ...~



# ਪਿਆਰ ਤੇ ਪੈਸਾ

ਇਹ ਦੋਵੇਂ ਮਿਲਦੇ ਕਿਸਮਤ ਨਾਲ ਹੀ ਨੇ
ਮਿਹਨਤ ਤਾਂ ਮੇਰੇ ਵਰਗੇ ਮਜ਼ਦੂਰ ਵੀ ਕਰਦੇ ਨੇ

ਨਹੀਂ ਇਸ਼ਕ ਤਾਂ ਗਰੀਬੀ ਚ ਵੀ ਹੁੰਦਾ ਆ
ਪਰ ਫਰਕ ਸਿਰਫ ਰਾਤ ਤੇ ਦਿਨ ਜਿਨਾ ਹੁੰਦਾ ਆ

ਪਿਆਰ ਕੋਈ ਹਾਸਿਲ ਕਰਨ ਦੀ ਕੋਸ਼ਿਸ਼ ਚ ਆ
ਤੇ ਕੋਈ ਖਰੀਦਣ ਲਈ ਜੱਦੋਜਹਿਦ ਕਰ ਰਿਹਾ

ਓਹਨੂੰ ਝੋਪੜੀ ਚ ਨਹੀਂ ਮਹਿਲ ਚ ਰੱਖਣਾ
ਓਹਨੂੰ ਪਿੰਡ ਨਹੀਂ ਲੋਸ ਏਂਜਲਸ ਸ਼ਹਿਰ ਰੱਖਣਾ

ਮੈਂ ਸੁਪਨੇ ਲੋਕਾ ਨੂੰ ਦਸੇ ਸੀ
ਲੋਕ ਸੁਪਨੇ ਸੁਣਕੇ ਹਸੇ ਸੀ



ਅਗਲੀ ਕਿਤਾਬ ਦੀ ਤਿਆਰੀ




ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com